ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਮਿਤੀ 06 ਦਸੰਬਰ ਸ਼ੁੱਕਰਵਾਰ 2024

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਂਟਾਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਦੇਸ਼ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦੀ ਸੇਵਾ ਕਰਕੇ ਵਾਪਸ ਕੈਨੇਡਾ ਪਹੁੰਚੇ

## ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦਾ ਹੋਵੇਗਾ ਸ਼ਾਨਦਾਰ ਸਵਾਗਤ





ਬਰੈਂਪਟਨ 6, ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) – ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦਾ ਦੌਰਾ ਕਰਕੇ ਕੈਨੇਡਾ ਵਾਪਸ ਪਰਤੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦਾ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ। ਉਹਨਾਂ ਦੇ ਸਵਾਗਤ ਲਈ 8 ਦਸੰਬਰ ਦਿਨ ਐਤਵਾਰ ਨੂੰ ਬਾਅਦ ਦੁਪਹਿਰ 2 ਤੋਂ 5 ਵਜੇ ਤੱਕ ਕਵੀ ਦਰਬਾਰ ਦਾ ਆਯੋਜਨ ਵੀ ਹੋਵੇਗਾ।

ਦੱਸ ਦਈਏ ਕਿ ਮਾਂ ਬੋਲੀ ਪੰਜਾਬੀ, ਪੰਜਾਬੀਅਤ, ਕਲਾ, ਸਾਹਿਤ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਹਾਲ ਹੀ ਵਿੱਚ ਦੁਬਈ, ਭਾਰਤ ਅਤੇ ਪੰਜਾਬ ਵਿੱਚ ਜਿੱਥੇ ਵੱਖ ਵੱਖ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ ਉਥੇ ਹੀ ਮਨੁੱਖਤਾ ਦੀ ਸੇਵਾ ਲਈ ਕਈ ਸਮਾਜਿਕ ਕੰਮ ਵੀ ਕੀਤੇ ਗਏ। ਪੰਜਾਬ ਦੇ ਦੌਰੇ ਦੌਰਾਨ ਉਹਨਾਂ ਵੱਲੋਂ ਜਿੱਥੇ ਸੈਮੀਨਾਰ ਵਿੱਚ ਸ਼ਾਮਿਲ ਹੋ ਕੇ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ ਗਏ। ਉਥੇ ਹੀ ਅੱਖਾਂ ਦੇ ਮੈਡੀਕਲ ਚੈਕਅਪ ਕੈਂਪ ਵਿੱਚ ਵੀ ਆਪਣੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ। ਇਸੇ ਤਰ੍ਹਾਂ ਉਹਨਾਂ ਵੱਲੋਂ ਸਕੂਲ ਦੇ ਬੱਚਿਆਂ ਨੂੰ ਈ-ਰਿਕਸ਼ਾ ਦਾਨ ਕਰਕੇ ਇੱਕ ਮਹਾਨ ਸਮਾਜ ਸੇਵਾ ਦਾ ਕਾਰਜ ਵੀ ਕੀਤਾ ਗਿਆ ਸੀ। ਜਦਕਿ ਸਾਹਿਤ ਸਮਾਗਮ ਵਿੱਚ ਸ਼ਾਮਿਲ ਹੋ ਕੇ ਕਈ ਨਾਮਵਰ ਹਸਤੀਆਂ ਦਾ ਸਨਮਾਨ ਕਰਨ ਦਾ ਫਰਜ਼ ਵੀ ਅਦਾ ਕੀਤਾ। ਉਹ ਆਪਣੀ ਇਹ ਯਾਤਰਾ ਸੰਪੰਨ ਕਰਕੇ ਵਾਪਸ ਕੈਨੇਡਾ ਪਹੁੰਚ ਚੁੱਕੇ ਹਨ।

ਵਿਸ਼ਵ ਪੰਜਾਬੀ ਸਭਾ ਦੀ ਚੇਅਰਪਰਸਨ ਰਮਿੰਦਰ ਕੌਰ ਉਰਫ਼ ਰੰਮੀ ਵਾਲੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਕਥੂਰੀਆ ਦੀ ਇਹ ਯਾਤਰਾ ਬਹੁਤ ਹੀ ਸ਼ਾਨਦਾਰ ਰਹੀ। ਉਹਨਾਂ ਦੇ ਸਵਾਗਤ ਦੇ ਲਈ 8 ਦਸੰਬਰ ਦਿਨ ਐਤਵਾਰ ਨੂੰ ਇੱਕ ਸਾਹਿਤਕ ਸਮਾਗਮ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿੱਚ ਖ਼ਾਸ ਤੌਰ ਤੇ ਸ਼ਾਮਲ ਹੋ ਕੇ ਗੁਰਬਖਸ਼ ਸਿੰਘ ਗੀਤਾਂ ਦੀ ਪੇਸ਼ਕਾਰੀ ਕਰਨਗੇ ਅਤੇ ਸਮਾਗਮ ਵਿੱਚ ਸਭਾ ਦੇ ਮੈਂਬਰ ਅਤੇ ਕਵੀ ਆਪਣੇ ਵਿਚਾਰ ਪੇਸ਼ ਕਰਨਗੇ ਤੇ ਆਪਣੀਆਂ ਰਚਨਾਵਾਂ ਦੀ ਵੀ ਪੇਸ਼ਕਾਰੀ ਕਰਨਗੇ। ਇਸਤਰੀ ਵਿੰਗ ਦੇ ਸਕੱਤਰ ਜਨਰਲ ਰਿੰਟੂ ਭਾਟੀਆ ਵੱਲੋਂ ਹੋਸਟ ਕੀਤੇ ਜਾਣ ਵਾਲੇ ਇਸ ਸਮਾਗਮ ਵਿੱਚ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਆਪਣੀ ਯਾਤਰਾ ਦੌਰਾਨ ਪ੍ਰਾਪਤ ਹੋਏ ਤਜਰਬਿਆਂ ਨੂੰ ਵੀ ਦਰਸ਼ਕਾਂ ਦੇ ਸਾਹਮਣੇ ਰੱਖਿਆ ਜਾਵੇਗਾ। ਜਦਕਿ ਡਾਕਟਰ ਜਗੀਰ ਸਿੰਘ ਕਾਹਲੋਂ ਇਸ ਯਾਤਰਾ ਸਬੰਧੀ ਡਾਕਟਰ ਦਲਬੀਰ ਸਿੰਘ ਕਥੂਰੀਆ ਨਾਲ ਗੱਲਬਾਤ ਕਰਦੇ ਹੋਏ ਵੱਖ-ਵੱਖ ਪਹਿਲੂਆਂ ਤੇ ਵਿਚਾਰ ਚਰਚਾ ਕਰਨਗੇ। ਚੇਅਰਪਰਸਨ ਰਮਿੰਦਰ ਕੌਰ ਰੰਮੀ ਵਾਲੀਆ ਵੱਲੋਂ ਸਾਹਿਤਕਾਰਾਂ ਤੇ ਸਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਖੁੱਲਾ ਸੱਦਾ ਦਿੱਤਾ ਗਿਆ ਹੈ।

### ਅੱਜ ਦੀ ਫ਼ੋਟੋ




ਬਰੈਂਪਟਨ : ਕੈਨੇਡਾ ਦੇ ਪ੍ਰਾਂਤ ਬਰੈਂਪਟਨ ਵਿਖੇ ਮੌਸਮ ਦਾ ਮਿਜ਼ਾਜ ਬਦਲਦਾ ਦਿਖਾਈ ਦਿੱਤਾ, ਅੱਜ ਇੱਥੇ ਬਰਫ਼ ਪੈਂਦੀ ਰਹੀ

HOMELIFE
Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"



AXLE Car Rental
Enjoy The Ride!
905.917.0818
We Provide: • Insurance Replacement Rental
• We Deal With All Insurance Companies
• All New Models of Cars, Suv's & Mini Vans
• Free Local Shuttle Service
axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5

AMYRA ACADEMY
Hair & Esthetics
Our Courses
HAIR STYLING DIPLOMA
MEDICAL ESTHETICS DIPLOMA



905-399-6110 , 647-713-3133
amyraacademy@outlook.com
www.amyraacademy.com
114 Kennedy Road Unit 2 Brampton Ontario, L6W 3E7
amyraacademy
amyraacademy

TEAM GET SOLD



INDER ARORA
(BROKER)
(416) 525.7400
RAMAN KATHURIA
(BROKER)
(416) 709.6100




BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਗ਼ਜ਼ਲ ਮੰਚ ਸਰੀ ਵੱਲੋਂ 8 ਦਸੰਬਰ ਦੇ ਕਾਵਿ-ਸ਼ਾਰ ਪ੍ਰੋਗਰਾਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ

ਸਰੀ,6 ਦਸੰਬਰ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮੰਚ ਵੱਲੋਂ 8 ਦਸੰਬਰ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ ਕਾਵਿ-ਸ਼ਾਰ ਪ੍ਰੋਗਰਾਮ ਦੀ ਰੂਪ ਰੇਖਾ ਉਲੀਕੀ ਗਈ ਤੇ ਇਸ ਦੀਆਂ ਤਿਆਰੀਆਂ ਸਬੰਧੀ ਮੰਚ ਦੇ ਸ਼ਾਇਰਾਂ ਨੂੰ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।

ਗ਼ਜ਼ਲ ਮੰਚ ਸਰੀ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਕਿ 8 ਦਸੰਬਰ 2024 ਨੂੰ ਗ਼ਜ਼ਲ ਮੰਚ ਵੱਲੋਂ ਫਲੀਟਵੁਡ ਕਮਿਊਨਟੀ ਸੈਂਟਰ ਸਰੀ ਵਿਖੇ ਕਾਵਿ-ਸ਼ਾਰ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 35 ਦੇ ਕਰੀਬ ਨਵੇਂ ਅਤੇ ਪੁਰਾਣੇ ਸ਼ਾਇਰ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕਰਨਗੇ। ਉਹਨਾਂ ਦੱਸਿਆ ਕਿ ਇਸ ਕਾਵਿ-ਸ਼ਾਰ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਜ਼ਿਆਦਾਤਰ ਨੌਜਵਾਨ ਅਤੇ ਉੱਭਰ ਰਹੇ ਕਵੀ ਆਪਣਾ ਕਲਾਮ ਪੇਸ਼ ਕਰਨਗੇ।




ਮੀਟਿੰਗ ਦੌਰਾਨ ਅਮਰੀਕਾ ਵਿੱਚ ਵੱਸਦੇ ਸ਼ਾਇਰ ਜਗਜੀਤ ਨੌਸ਼ਹਿਰਵੀ ਦੀ ਕਾਵਿ ਪੁਸਤਕ 'ਹਾਲ ਉਥਾਈਂ ਕਹੀਏ' ਅਤੇ ਇੰਗਲੈਂਡ ਦੀ ਕਵਿੱਤਰੀ ਦਲਵੀਰ ਕੌਰ ਦਾ ਕਾਵਿ-ਨਿਬੰਧ 'ਮਨ ਕਸੁੰਭਾ' ਰਿਲੀਜ਼ ਕੀਤੀਆਂ ਗਈਆਂ। ਜਗਜੀਤ ਨੌਸ਼ਹਿਰਵੀ ਦੀ ਪੁਸਤਕ ਬਾਰੇ ਬੋਲਦਿਆਂ ਜਸਵਿੰਦਰ ਨੇ ਕਿਹਾ ਕਿ ਜਗਜੀਤ ਨੌਸ਼ਹਿਰਵੀ ਦੀ ਸ਼ਾਇਰੀ, ਜ਼ਿੰਦਗੀ ਦੇ ਅਨੇਕ ਪਸਾਰਾਂ ਦੀ ਭਾਵਪੂਰਤ ਤਰਜਮਾਨੀ ਕਰਦੀ ਹੈ। ਉਸਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਵਿੱਚ ਪੰਜਾਬੀ ਰਹਿਤਲ ਦੇ ਗੁਆਚੇ ਰੰਗਾਂ ਦਾ ਵਿਗੋਚਾ ਵੀ ਹੈ ਤੇ ਇਸ ਦੇ ਕਣ ਕਣ ਨੂੰ ਘੁੱਟ ਕੇ ਗਲਵੱਕੜੀ ਪਾਈ ਰੱਖਣ ਦਾ ਮਲਾਰ ਵੀ ਹੈ।

ਇਸ ਉਪਰੰਤ ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਦਸ਼ਮੇਸ਼ ਗਿੱਲ ਫਿਰੋਜ਼, ਗੁਰਮੀਤ ਸਿੱਧੂ ਅਤੇ ਪ੍ਰੀਤ ਮਨਪ੍ਰੀਤ ਵੱਲੋਂ ਇਹਨਾਂ ਦੋਹਾਂ ਪੁਸਤਕਾਂ ਵਿਚਲੀਆਂ ਕੁਝ ਕਾਵਿ-ਰਚਨਾਵਾਂ ਸਾਂਝੀਆਂ ਕੀਤੀਆਂ।





















# ਰਾਜ ਸਭਾ 'ਚ ਕਾਂਗਰਸੀ ਮੈਂਬਰ ਦੇ ਬੈਂਚ 'ਤੇ ਮਿਲੇ ਨੋਟਾਂ ਦੇ ਬੰਡਲ



ਨਵੀਂ ਦਿੱਲੀ, 6 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਸ਼ੁੱਕਰਵਾਰ ਨੂੰ ਰਾਜ ਸਭਾ ਵਿੱਚ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ। ਦੋਸ਼ ਹੈ ਕਿ ਰਾਜ ਸਭਾ 'ਚ ਕਾਂਗਰਸੀ ਮੈਂਬਰ ਅਭਿਸ਼ੇਕ ਮਨੂ ਸਿੰਘਵੀ ਦੀ ਬੈਂਚ ਹੇਠ 500 ਰੁਪਏ (ਪੰਜਾਹ ਹਜ਼ਾਰ ਰੁਪਏ) ਦੇ ਨੋਟਾਂ ਦਾ ਬੰਡਲ ਮਿਲਿਆ ਹੈ। ਰਾਜ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸੱਤਾਧਾਰੀ ਧਿਰ ਨੇ ਇਸ ਮੁੱਦੇ 'ਤੇ ਹੰਗਾਮਾ ਕਰ ਦਿੱਤਾ। ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਜਾਂਚ ਦੇ ਹੁਕਮ ਦਿੱਤੇ ਹਨ।

**ਨੋਟਬੰਦੀ 'ਤੇ ਸਿੰਘਵੀ ਦਾ ਸਪੱਸ਼ਟੀਕਰਨ**

ਅਭਿਨੇਸ਼ ਮਨੂ ਸਿੰਘਵੀ ਨੇ ਵੀ ਰਾਜ ਸਭਾ ਦੇ ਨੋਟ ਘੋਟਾਲੇ 'ਤੇ ਸਪੱਸ਼ਟੀਕਰਨ ਦਿੱਤਾ ਹੈ। ਸਿੰਘਵੀ ਦਾ ਕਹਿਣਾ ਹੈ ਕਿ ਕਥਿਤ ਤੌਰ 'ਤੇ ਉਨ੍ਹਾਂ ਦੀ ਸੀਟ ਦੇ ਹੇਠਾਂ ਮਿਲੇ ਪੈਸੇ ਉਨ੍ਹਾਂ ਦੇ ਨਹੀਂ ਹਨ। ਸਿੰਘਵੀ ਨੇ ਕਿਹਾ ਕਿ ਉਹ ਕੱਲ੍ਹ ਰਾਜ ਸਭਾ ਵਿੱਚ ਸਿਰਫ਼ 3 ਮਿੰਟ ਲਈ ਆਏ ਸਨ ਅਤੇ ਉਨ੍ਹਾਂ ਕੋਲ 500 ਰੁਪਏ ਦਾ ਸਿਰਫ਼ ਇੱਕ ਨੋਟ ਸੀ।

ਸ਼ੁੱਕਰਵਾਰ ਨੂੰ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਕਿਹਾ ਕਿ ਸੰਸਦ ਦੇ ਸੁਰੱਖਿਆ ਅਧਿਕਾਰੀਆਂ ਨੇ ਕਾਂਗਰਸ ਦੇ ਸੰਸਦ ਮੈਂਬਰ ਅਭਿਸ਼ੇਕ ਮਨੂ ਸਿੰਘਵੀ ਨੂੰ ਅਲਾਟ ਕੀਤੀ ਸੀਟ ਤੋਂ ਨਕਦੀ ਬਰਾਮਦ ਕੀਤੀ ਹੈ। ਸਦਨ 'ਚ ਧਨਖੜ ਦੇ ਦਾਅਵੇ ਤੋਂ ਬਾਅਦ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ। ਮੱਲਿਕਾਰਜੁਨ ਖੜਗੇ ਨੇ ਜ਼ੋਰ ਦੇ ਕੇ ਕਿਹਾ ਕਿ ਜਾਂਚ ਤੋਂ ਪਹਿਲਾਂ ਨਾਂ ਨਹੀਂ ਲਏ ਜਾਣੇ ਚਾਹੀਦੇ। ਇਸ ਦੌਰਾਨ ਹਾਕਮ ਧਿਰ ਨੇ ਹੰਗਾਮਾ ਕਰ ਦਿੱਤਾ।

ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਰਾਜ ਸਭਾ 'ਚ ਕਿਹਾ, 'ਪ੍ਰੋਟੋਕਾਲ ਦੇ ਮੁਤਾਬਕ ਵੀਰਵਾਰ ਨੂੰ ਸਦਨ ਦੀ ਕਾਰਵਾਈ ਖ਼ਤਮ ਹੋਣ ਤੋਂ ਬਾਅਦ ਸੰਸਦ ਦੇ ਕਰਮਚਾਰੀਆਂ ਨੇ ਸਾਰੀਆਂ ਸੀਟਾਂ ਦੀ ਤਲਾਸ਼ੀ ਲਈ। ਇਸ ਦੌਰਾਨ ਨੋਟ ਮਿਲੇ ਹਨ।

ਕਰਮਚਾਰੀਆਂ ਨੇ ਸੀਟ ਨੰਬਰ ਨੋਟ ਕਰ ਲਏ ਅਤੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ। ਉਕਤ ਸੀਟ 'ਤੇ ਬੈਠੇ ਮੈਂਬਰ ਨੇ ਰਾਜ ਸਭਾ 'ਚ ਆਪਣੀ ਹਾਜ਼ਰੀ 'ਤੇ ਦਸਤਖਤ ਵੀ ਕਰ ਦਿੱਤੇ ਹਨ। ਇਸ ਲਈ ਅਗਾਊਂ ਹੀ ਨਾਵਾਂ ਦਾ ਖੁਲਾਸਾ ਹੋਣ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।














# ਟਰੱਕਿੰਗ ਇੰਡਸਟਰੀਜ਼ ਦੀ ਨਵੀਂ ਟੈਕਨਾਲੌਜੀ, ਨੈੱਟਵਰਕਿੰਗ, ਚੋਰੀ ਤੇ ਫਰਾਡ ਆਦਿ ਪੱਖਾਂ 'ਤੇ ਵਿਚਾਰ ਲਈ 'ਫ਼ਲੀਟ ਐਗਜੈਕਟਿਵ ਸਮਿਟ ਟੋਰਾਂਟੋ-2024 ਦਾ ਆਯੋਜਨ






ਵਿਸ਼ਵ ਪੰਜਾਬੀ ਸਾਂਝ

## ਇਸ ਸਮਿਟ ਵਿੱਚ 250 ਤੋਂ ਵੱਧ ਡੈਲੀਗੇਟ ਤੇ ਸਰੋਤੇ ਹੋਏ ਸ਼ਾਮਲ



ਬਰੈਂਪਟਨ 6 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਬਰੈਂਪਟਨ ਦੇ 'ਲਾਇਨਹੈੱਡ ਗੌਲਫ਼ ਕਲੱਬ' ਦੇ ਹਾਲ ਵਿੱਚ ਫ਼ਲੀਟ ਐਗਜੈਕਟਿਵ ਸਮਿਟ ਟੋਰਾਂਟੋ-2024 ਦਾ ਆਯੋਜਨ ਕੀਤਾ ਗਿਆ। ਇਸ ਸਮਿਟ ਵਿੱਚ ਟਰੱਕਿੰਗ ਖ਼ੇਤਰ ਨਾਲ ਸਬੰਧਿਤ ਵੱਖ-ਵੱਖ ਪਹਿਲੂਆਂ ਜਿਵੇਂ ਕਿ ਨਵੀਆਂ ਟੈਕਨਾਲੋਜੀ ਤੇ ਭਵਿੱਖ, ਨੈੱਟਵਰਕਿੰਗ, ਫ਼ਾਈਨਾਂਸ, ਇੰਨਸ਼ੋਅਰੈਂਸ, ਟਰਾਂਸਪੋਟੇਸ਼ਨ ਫ਼ਰਾਡ ਅਤੇ ਚੋਰੀ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮਿਟ ਵਿੱਚ ਵਿਸ਼ੇਸ਼ ਮਹਿਮਾਨ ,ਬੁਲਾਰੇ ਵਜੋਂ ਟਰਾਂਸਪੋਟੇਸ਼ਨ ਐਂਡ ਫਿਊਲ ਡੀਕਾਰਬੋਨਾਈਜ਼ੇਸ਼ਨ ਪ੍ਰੋਗਰਾਮ ਨਾਲ ਸਬੰਧਿਤ ਜੈੱਸ ਡੇਵ ਸ਼ਾਮਲ ਹੋਏ, ਜਦਕਿ ਨਿੱਜੀ ਰੁਝੇਵਿਆਂ ਕਾਰਨ ਉਨਟਾਰੀਓ ਸੂਬੇ ਦੇ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ ਅਤੇ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਸ਼ਾਮਲ ਨਹੀਂ ਹੋ ਸਕੇ। ਸਮਿਟ ਵਿੱਚ ਪੈਨਲਡਿਸਕਸ਼ਨਜ਼ ਅਤੇ ਕਈ ਅਹਿਮ ਵਿਅਕਤੀਆਂ ਵੱਲੋਂ ਪੇਸ਼ ਕੀਤੇ ਗਏ ਆਪਣੇ ਪੇਪਰਾਂ ਵਿੱਚ ਟਰੱਕਿੰਗ ਦੇ ਵੱਖ-ਵੱਖ ਖੇਤਰਾਂ ਜਿਵੇਂ ਟਰਾਂਸਪੋਟੇਸ਼ਨ ਦੇ ਭਵਿੱਖ, ਵਿੱਤੀ ਤੇ ਨੇਵੀਗੇਸ਼ਨ ਦੀਆਂ ਚੁਣੌਤੀਆਂ, ਇੰਸ਼ੋਅਰੈਂਸ ਖੇਤਰ ਨੂੰ ਡੂੰਘਾਈ ਨਾਲ ਸਮਝਣ, ਕੰਪਨੀਆਂ ਦੇ ਇੱਕ ਦੂਸਰੇ ਵਿੱਚ ਮਿਲਣ ਤੇ ਨਵੀਆਂ ਕੰਪਨੀਆਂ ਦੇ ਪ੍ਰਸਾਰ ਨਾਲ ਟਰਾਂਸਪੋਟੇਸ਼ਨ ਅਤੇ ਲੌਜਿਸਟਿਕਸ ਖ਼ੇਤਰ ਵਿੱਚ ਵਿਕਾਸ ਆਦਿ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਪੈਨਲਿਸਟਾਂ ਵਿੱਚ ਪੰਜਾਬੀ ਕਮਿਊਨਿਟੀ ਦੇ ਸੁਖਜੀਤ ਧਾਲੀਵਾਲ, ਅਜੈ ਢੀਂਗਰਾ ਅਤੇ ਤਾਰਿਕ ਕੁਰੈਸ਼ੀ ਵੀ ਸ਼ਾਮਲ ਸਨ।

Admission Open
Diploma in Naturopathy and Yoga.

Take Charge of Your Good Health. Keep Yourself and Your family Healthy without medicines. Also make Naturopathy your Career option



- Course duration 3 years including internship
- Eligibility : Age 18 years and above
- Qualification 12th pass in any stream
- . Online / Offline classes on weekends.
- Classes in English and Hindi

Aarogya Vidhya and Naturopathy Institute Mohali.
Contact 9779773404 / 8437413522
Email: aarogyavidhya1@gmail.com, Instagram: aarogyavidhya Facebook: aarogya vidhya and Naturopathy institute






# ਕੈਨੇਡਾ ਆਏ ਦੋ ਭਰਾਵਾਂ ਨੂੰ ਅਣਪਛਾਤਿਆਂ ਨੇ ਮਾਰੀਆਂ ਗੋਲੀਆਂ, ਇੱਕ ਦੀ ਮੌਤ




ਤਰਨ ਤਾਰਨ, 6ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਇਲਾਕੇਦੇ ਨੰਦਪੁਰ ਨੇੜਲੇ ਨੌਸ਼ਹਿਰਾ ਪੰਨੂਆਂ ਦੇ ਕਿਸਾਨ ਸਰਬਜੀਤ ਸਿੰਘ ਦੇ ਕੈਨੇਡਾ ਰਹਿੰਦੇ ਦੋ ਪੁੱਤਰਾਂ ਨੂੰ ਅਣਪਛਾਤੇ ਵਿਅਕਤੀਆਂ ਨੇ ਅੱਜ ਗੋਲੀਆਂ ਮਾਰ ਦਿੱਤੀਆਂ। ਇਸ ਘਟਨਾ ਵਿੱਚ ਇੱਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ ਜਿਸ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ੍ਹ ਕਿਸਾਨ ਸਰਬਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਛੋਟਾ ਪੁੱਤਰ ਪ੍ਰਿਤਪਾਲ ਸਿੰਘ (22) ਅਤੇ ਵੱਡਾ ਪੁੱਤਰ ਖ਼ੁਸ਼ਵੰਤਪਾਲ ਸਿੰਘ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਹੇ ਸਨ੍ਹ ਉਹ ਅੱਜ ਸਵੇਰੇ ਘਰ ਦੇ ਬਾਹਰ ਆਪਣੀ ਕਾਰ ਤੋਂ ਬਰਫ਼ ਹਟਾ ਰਹੇ ਸਨ ਕਿ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਪ੍ਰਿਤਪਾਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਖ਼ੁਸ਼ਵੰਤਪਾਲ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ੍ਹ ਸਰਬਜੀਤ ਸਿੰਘ ਨੇ ਦੱਸਿਆ ਕਿ ਘਰ ਦੇ ਮਾਲਕ ਨੂੰ ਕੁਝ ਦਿਨ ਪਹਿਲਾਂ ਹੀ ਫ਼ਿਰੌਤੀ ਲਈ ਫੋਨ ਆਇਆ ਸੀ, ਜਿਸ ਕਰ ਕੇ ਉਹ ਘਰ ਛੱਡ ਕੇ ਕਿਧਰੇ ਹੋਰ ਚਲਾ ਗਿਆ ਸੀ।

# ਸਾਰੀਆਂ ਫ਼ਸਲਾਂ ਐੱਮ.ਐੱਸ.ਪੀ 'ਤੇ ਖ਼ਰੀਦੇਗੀ ਮੋਦੀ ਸਰਕਾਰ: ਖੇਤੀ ਮੰਤਰੀ



ਨਵੀਂ ਦਿੱਲੀ, 6 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਰਾਜ ਸਭਾ 'ਚ ਕਿਹਾ ਕਿ ਮੋਦੀ ਸਰਕਾਰ ਸਾਰੀਆਂ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਖ਼ਰੀਦੇਗੀ। ਕਿਸਾਨਾਂ ਨੂੰ ਐੱਮਐੱਸਪੀ ਦੇਣ ਦੇ ਮੁੱਦੇ 'ਤੇ ਪ੍ਰਸ਼ਨਕਾਲ ਦੌਰਾਨ ਇਕ ਸਵਾਲ ਦੇ ਜਵਾਬ 'ਚ ਖੇਤੀ ਮੰਤਰੀ ਨੇ ਇਹ ਭਰੋਸਾ ਦਿੱਤਾ। ਚੌਹਾਨ ਨੇ ਸਦਨ ਨੂੰ ਦੱਸਿਆ, "ਮੈਂ ਸਦਨ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦੀਆਂ ਜਾਣਗੀਆਂ। ਇਹ ਮੋਦੀ ਸਰਕਾਰ ਹੈ ਅਤੇ ਮੋਦੀ ਦੀ ਗਾਰੰਟੀ ਨੂੰ ਪੂਰਾ ਕਰਨ ਦੀ ਗਾਰੰਟੀ ਹੈ।" ਚੌਹਾਨ ਨੇ ਵਿਰੋਧੀ ਧਿਰ 'ਤੇ ਵਰ੍ਹਦਿਆਂ ਕਿਹਾ ਕਿ ਜਦੋਂ ਉਹ ਸੱਤਾ 'ਚ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਉਹ ਐੱਮਐੱਸ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਨਹੀਂ ਕਰ ਸਕਦੇ ਹਨ, ਖਾਸ ਕਰਕੇ ਫ਼ਸਲ ਦੀ ਲਾਗਤ ਤੋਂ 50 ਫ਼ੀਸਦ ਵਧ ਕੀਮਤ ਨਹੀਂ ਦਿੱਤੀ ਜਾ ਸਕਦੀ ਹੈ। ਉਨ੍ਹਾਂ ਆਪਣੇ ਦਾਅਵੇ ਦੀ ਹਮਾਇਤ 'ਚ ਸਾਬਕਾ ਖੇਤੀ ਰਾਜ ਮੰਤਰੀ ਕਾਂਤੀਲਾਲ ਭੂਰੀਆ, ਖੇਤੀ ਮੰਤਰੀ ਸ਼ਰਦ ਪਵਾਰ ਅਤੇ ਕੇਵੀ ਥੌਮਸ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਮੋਦੀ ਸਰਕਾਰ ਪਹਿਲਾਂ ਤੋਂ ਹੀ ਕਿਸਾਨਾਂ ਨੂੰ ਲਾਭਕਾਰੀ ਮੁੱਲ ਦੇ ਰਹੀ ਹੈ। ਚੌਹਾਨ ਨੇ ਕਿਹਾ ਕਿ ਝੋਨਾ, ਕਣਕ, ਸੋਇਆਬੀਨ, ਜਵਾਰ ਨੂੰ ਤਿੰਨ ਸਾਲ ਪਹਿਲਾਂ ਤੋਂ ਹੀ ਉਤਪਾਦਨ ਲਾਗਤ ਨਾਲੋਂ 50 ਫ਼ੀਸਦ ਵਧ ਕੀਮਤ 'ਤੇ ਖ਼ਰੀਦਿਆ ਜਾ ਰਿਹਾ ਹੈ। ਕਾਂਗਰਸ ਮੈਂਬਰ ਜੈਰਾਮ ਰਮੇਸ਼ ਵੱਲੋਂ ਐੱਮਐੱਸਪੀ ਦੇ ਮੁੱਦੇ 'ਤੇ ਉਨ੍ਹਾਂ ਦੇ ਵਿਚਾਰ ਪੁੱਛੇ ਜਾਣ 'ਤੇ ਚੌਹਾਨ ਨੇ ਕਿਹਾ ਕਿ ਉਨ੍ਹਾਂ ਲਈ 'ਕਿਸਾਨ ਦੀ ਸੇਵਾ, ਰੱਬ ਦੀ ਪੂਜਾ' ਵਾਂਗ ਹੈ ਪਰ ਕਾਂਗਰਸ ਜਦੋਂ ਸੱਤਾ 'ਚ ਸੀ ਤਾਂ ਕਿਸਾਨ ਖ਼ੂਨ ਦੇ ਹੰਝੂ ਵਹਾਉਂਦੇ ਰਹੇ ਸਨ।

# ਕਿਸਾਨਾਂ ਦੀ ਬੱਲੇ-ਬੱਲੇ, ਹੁਣ UPI ਤੋਂ ਸਿੱਧਾ ਮਿਲੇਗਾ ਲੱਖਾਂ ਦਾ ਕਰਜ਼ਾ; ਕੁਝ ਵੀ ਗਿਰਵੀ ਰੱਖਣ ਦੀ ਨਹੀਂ ਹੋਵੇਗੀ ਲੋੜ

ਨਵੀਂ ਦਿੱਲੀ,6 ਦਸੰਬਰ(ਜਸਵਿੰਦਰ ਸਿੰਘ ਬਿੱਟਾ)-ਮਹਿੰਗਾਈ ਤੇ ਖੇਤੀ ਲਾਗਤ 'ਚ ਹੋ ਰਹੇ ਵਾਧੇ ਨੂੰ ਦੇਖਦਿਆਂ ਆਰ.ਬੀ.ਆਈ ਨੇ ਕਿਸਾਨਾਂ ਨੂੰ ਬਿਨਾ ਗਿਰਵੀ ਦੇ ਦਿੱਤੇ ਜਾਣ ਵਾਲੇ ਲੋਨ ਦੀ ਹੱਦ ਵਧਾਉਣ ਦਾ ਫ਼ੈਸਲਾ ਕੀਤਾ ਹੈ। ਸ਼ੁੱਕਰਵਾਰ ਨੂੰ ਆਰ.ਬੀ.ਆਈ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਹੁਣ ਕਿਸਾਨ ਬਿਨਾ ਕਿਸੇ ਗਿਰਵੀ ਦੇ ਦੋ ਲੱਖ ਰੁਪਏ ਤੱਕ ਦਾ ਲੋਨ ਲੈ ਸਕਣਗੇ। ਹਾਲੇ ਇਹ ਹੱਦ 1 ਲੱਖ 60 ਹਜ਼ਾਰ ਰੁਪਏ ਹੈ। ਨਵੇਂ ਸਾਲ ਤੋਂ ਸਾਰੇ ਬੈਂਕਾਂ ਨੂੰ ਆਰ.ਬੀ.ਆਈ ਦਾ ਇਹ ਨਿਰਦੇਸ਼ ਮੰਨਣਾ ਪਵੇਗਾ। ਉੱਥੇ ਸਮਾਲ ਫਾਈਨਾਂਸ ਬੈਂਕ (ਐੱਸਐੱਫਬੀ) ਹੁਣ ਯੂ.ਪੀ.ਆਈ ਰਾਹੀਂ ਲੋਨ ਦੇ ਸਕਣਗੇ। ਇਸ ਦਾ ਫਾਇਦਾ ਇਹ ਹੋਵੇਗਾ ਕਿ ਪਿੰਡਾਂ 'ਚ ਵੀ ਯੂ.ਪੀ.ਆਈ ਰਾਹੀਂ ਪਿੰਡਾਂ ਦੇ ਲੋਕਾਂ ਨੂੰ ਆਸਾਨੀ ਨਾਲ ਲੋਨ ਮਿਲ ਸਕੇਗਾ। ਐੱਸ.ਐੱਫ.ਬੀ ਦੀ ਪਹੁੰਚ ਪਿੰਡਾਂ 'ਚ ਜ਼ਿਆਦਾ ਹੈ। ਐੱਸ.ਐੱਫ.ਬੀ ਕੋਲ ਹਾਲੇ ਇਹ ਸਹੂਲਤ ਨਹੀਂ ਸੀ। ਆਰ.ਬੀ.ਆਈ ਦੇ ਮੁਤਾਬਕ ਸਾਲ 2019 ਤੋਂ ਕਿਸਾਨਾਂ ਲਈ ਬਿਨਾ ਗਿਰਵੀ ਵਾਲੇ ਲੋਨ ਦੀ ਹੱਦ 1.60 ਲੱਖ ਰੁਪਏ ਸੀ। ਉਸ ਤੋਂ ਪਹਿਲਾਂ ਇਹ ਹੱਦ ਇਕ ਲੱਖ ਰੁਪਏ ਸੀ। ਕਰੋੜਾਂ ਕਿਸਾਨਾਂ ਦੇ ਲਾਭ ਨਾਲ ਜੁੜੇ ਆਰ.ਬੀ.ਆਈ ਦਾ ਇਹ ਫ਼ੈਸਲਾ ਇਸ ਲਈ ਵੀ ਮਹੱਤਵਪੂਰਣ ਹੈ, ਕਿਉਂਕਿ ਚਾਲੂ ਵਿੱਤੀ ਸਾਲ 'ਚ ਜੀ.ਡੀ.ਪੀ ਵਿਕਾਸ ਦਰ 'ਚ ਮਜ਼ਬੂਤੀ ਲਈ ਖੇਤੀ ਦਾ ਪ੍ਰਦਰਸ਼ਨ ਹਰ ਹਾਲ 'ਚ ਬਿਹਤਰ ਹੋਣਾ ਚਾਹੀਦਾ ਹੈ। ਚਾਲੂ ਵਿੱਤੀ ਸਾਲ ਦੀ ਦੂਜੀ ਤਿਮਾਹੀ 'ਚ ਖੇਤੀ ਸੈਕਟਰ 'ਚ 3.5 ਫ਼ੀਸਦੀ ਦਾ ਵਾਧਾ ਰਿਹਾ, ਜਦਕਿ ਮੈਨੂਫੈਕਚਰਿੰਗ ਦੀ ਵਿਕਾਸ ਦਰ ਦੋ ਫ਼ੀਸਦੀ ਰਹੀ। ਚੰਗੀ ਫਸਲ 'ਤੇ ਹੀ ਪਿੰਡ ਦੇ ਲੋਕਾਂ ਦੀ ਮੰਗ ਨਿਰਭਰ ਕਰਦੀ ਹੈ ਤੇ ਪੇਂਡੂ ਮੰਗ 'ਚ ਤੇਜ਼ੀ ਨਾਲ ਹੀ ਤੀਜੀ ਤੇ ਚੌਥੀ ਤਿਮਾਹੀ 'ਚ ਜੀਡੀਪੀ 'ਚ ਮਜ਼ਬੂਤੀ ਦੀ ਉਮੀਦ ਕੀਤੀ ਜਾ ਸਕਦੀ ਹੈ।

## ਡਿਜੀਟਲ ਫਰਾਡ ਰੋਕਣ ਲਈ ਏਆਈ ਆਧਾਰਤ ਹੱਲ

ਆਰਬੀਆਈ ਦੇ ਗਵਰਨਰ ਨੇ ਕਿਹਾ ਕਿ ਡਿਜੀਟਲ ਤੇ ਸਾਈਬਰ ਫਰਾਡ ਰੋਕਣ ਲਈ ਆਰਬੀਆਈ ਹੋਰਨਾਂ ਬੈਂਕਾਂ ਨਾਲ ਮਿਲ ਕੇ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਇਸ ਦਿਸ਼ਾ 'ਚ ਮਿਊਲ ਅਕਾਊਂਟ (ਫਰਜ਼ੀ ਖਾਤਾ) ਦਾ ਪਤਾ ਲਗਾਉਣ ਲਈ ਏਆਈ ਦਾ ਇਸਤੇਮਾਲ ਸ਼ੁਰੂ ਕੀਤਾ ਗਿਆ ਹੈ। ਮਿਊਲ ਖਾਤਾ ਇਕ ਬੈਂਕ ਖਾਤਾ ਹੈ, ਜਿਸ ਦਾ ਇਸਤੇਮਾਲ ਅਪਰਾਧੀ ਨਾਜਾਇਜ਼ ਤਰੀਕੇ ਨਾਲ ਪੈਸਾ ਲੁੱਟਣ ਲਈ ਕਰਦੇ ਹਨ। ਗੁਮਨਾਮ ਵਿਅਕਤੀ ਇਨ੍ਹਾਂ ਖਾਤਿਆਂ ਨੂੰ ਖੋਲ੍ਹ ਕੇ ਇਸ ਵਿਚ ਲੋਕਾਂ ਨਾਲ ਠੱਗੀ ਦੇ ਪੈਸੇ ਜਮ ?ਹਾ ਕਰਾਉਂਦੇ ਹਨ। ਇਨ੍ਹਾਂ ਖਾਤਿਆਂ ਤੋਂ ਪੈਸੇ ਟਰਾਂਸਫਰ ਦਾ ਪਤਾ ਲਗਾਉਣਾ ਤੇ ਉਸਨੂੰ ਵਾਪਸ ਪਾਉਣਾ ਮੁਸ਼ਕਲ ਹੁੰਦਾ ਹੈ। ਮਿਊਲ ਅਕਾਊਂਟ ਦਾ ਪਤਾ ਲਗਾਉਣ ਲਈ ਲਗਾਤਾਰ ਮਿਊਲ ਹੰਟਰ ਸਾਲਿਊਸ਼ਨ ਲਈ ਮੁਕਾਬਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਆਰਬੀਆਈ ਇਨੋਵੇਸ਼ਨ ਹੱਬ ਤੇ ਬੈਂਕ ਇਸ ਦਿਸ਼ਾ 'ਚ ਮਿਲ ਕੇ ਕੰਮ ਕਰ ਰਹੇ ਹਨ। ਦੋ ਵੱਡੇ ਬੈਂਕਾਂ 'ਚ ਏਆਈ ਦੀ ਮਦਦ ਨਾਲ ਮਿਊਲ ਅਕਾਊਂਟ ਦੀ ਪੱਛਾਣ ਦਾ ਕੰਮ ਸ਼ੁਰੂ ਹੋ ਗਿਆ ਹੈ।



ਰੋਜ਼ਾਨਾ
ਵਿਸ਼ਵ ਪੰਜਾਬੀ ਸਾਂਝ
vishavpunjabisanjh@gmail.com



ਮਿਤੀ 06 ਦਸੰਬਰ ਸ਼ੁੱਕਰਵਾਰ 2024

# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਅੱਖਾਂ ਦਾ ਮੁਫ਼ਤ ਕੈਂਪ ਲਗਾਇਆ ਗਿਆ








ਜੋਹਲਾਂ, 6 ਦਸੰਬਰ, 2024, ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਪਿੰਡ ਜੋਹਲਾਂ ਦੇ ਗੁਰੂਦੁਆਰਾ ਨਾਨਕਸਰ ਠਾਠ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ ਜਿਸ ਵਿੱਚ 250 ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ ਤੇ 12 ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨ ਕਰਨ ਦਾ ਪ੍ਰਬੰਧ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਇਹ ਕੈਂਪ ਸੰਕਰਾ ਆਈ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਲਗਾਇਆ ਗਿਆ। ਸਮਾਜ ਸੇਵੀ ਬਲਵਿੰਦਰ ਸਿੰਘ ਜੀ ਭੱਠਲ ਵੱਲੋਂ ਸੰਕਰਾ ਹਸਪਤਾਲ ਦੁਆਰਾ ਕੀਤੇ ਜਾ ਰਹੇ ਆਪਰੇਸ਼ਨਾਂ ਅਤੇ ਮਰੀਜ਼ਾਂ ਦੀਆਂ ਅੱਖਾਂ ਸੰਬੰਧੀ ਸੇਵਾਵਾਂ ਦਾ ਵੇਰਵਾ ਦਿੱਤਾ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਕੌਮੀ ਪ੍ਰਧਾਨ ਬਲਬੀਰ ਕੌਰ ਰਾਏਕੋਟੀ ਨੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਮੂਲ ਮੰਤਵ ਬਾਰੇ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਚਾਨਣਾ ਪਾਇਆ।ਇਸ ਕੈਂਪ ਵਿੱਚ ਮਰੀਜ਼ਾਂ ਨੂੰ ਮੁਫ਼ਤ ਐਨਕਾਂ, ਮੁਫ਼ਤ ਦਵਾਈਆਂ ਵਿਸ਼ਵ ਪੰਜਾਬੀ ਸਭਾ ਵੱਲੋਂ ਦਿੱਤੀਆਂ ਗਈਆਂ। 12 ਮਰੀਜ਼ਾਂ ਦੇ ਚਿੱਟੇ ਮੋਤੀਏ ਦੇ ਆਪਰੇਸ਼ਨ ਕੱਲ੍ਹ ਸੰਕਰਾ ਹਸਪਤਾਲ ਲੁਧਿਆਣਾ ਵਿਖੇ ਕੀਤੇ ਜਾਣਗੇ। ਹਰਮੇਸ਼ ਸਿੰਘ, ਆਤਮਾ ਸਿੰਘ ਪ੍ਰਧਾਨ, ਹਰਬੰਸ ਸਿੰਘ, ਪ੍ਰਗਟ ਸਿੰਘ, ਸਰਬਜੀਤ ਸਿੰਘ, ਸੁਖਵੀਰ ਸਿੰਘ, ਗੁਰਪਿੰਦਰ ਸਿੰਘ, ਕਿਰਤਪਾਲ ਸਿੰਘ, ਚੰਨਪ੍ਰੀਤ ਸਿੰਘ, ਭਗਵਾਨ ਸਿੰਘ, ਇੰਦਰਜੀਤ ਸਿੰਘ ਗ੍ਰੰਥੀ, ਗੁਰਪ੍ਰੀਤ ਸਿੰਘ ਕੁਤਬਾ ਆਦਿ ਨਗਰ ਨਿਵਾਸੀਆਂ ਨੇ ਕੈਂਪ ਦੌਰਾਨ ਵੱਧ ਚੜ੍ਹ ਕੇ ਸੇਵਾ ਕੀਤੀ।









# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**


HURRY!
SPECIAL OFFER
BRAMPTON CASH & CARRY
Importer | Wholesaler | Retailer
WHITE ONION– 50 POUND
22 $
Easterday PRODUCE
ONIONS
BUY NOW
T&C APPLY
100 Kennedy Rd S, Brampton, ON L6W 3E7, Canada
905-230-4800


HURRY!
SPECIAL OFFER
BRAMPTON CASH & CARRY
Importer | Wholesaler | Retailer
BRAR BESAN SUPER FINE
9.99 $
BRAR SWEET CORN FLOUR
4.99 $
SHER WHITE WHOLE WHEAT ATTA
15.99 $
SHER
BESAN
BRAR
SWEET CORN FLOUR
FIBER WALA
BUY NOW
T&C APPLY
100 Kennedy Rd S, Brampton, ON L6W 3E7, Canada
905-230-4800


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
6HR SOFTNESS
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS